# ਮੁਰੰਮਤ ਦਾ ਅਧਿਕਾਰ
# (ਰਾਈਟ ਟੂ ਰਿਪੇਅਰ)

## ਹਾਉਸਿੰਗ (ਸਕਾੱਟਲੈਂਡ) ਐਕਟ 2001

## ਮਹੱਤਵਪੂਰਣ

ਇਹ ਪਤ੍ਰਿਕਾ ਸਿਰਫ਼ ਇਕ ਸਾਧਾਰਣ ਗਾਈਡ ਹੈ। ਇਹ ਕਾਨੂੰਨ ਦੀ ਪੂਰੀ ਵਿਆਖਿਆ ਨਹੀਂ ਹੈ। ਜੇ ਤੁਸੀਂ ਆਪਣੇ ਅਧਿਕਾਰਾਂ ਦੇ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਕਿਸੇ ਸਾੱਲਿਸਿਟਰ ਜਾਂ ਆਪਣੇ ਸਥਾਨਕ ਸਿਟੀਜ਼ੰਸ ਅਡਵਾਈਸ ਬਿਊਰੋ ਤੋਂ ਸਲਾਹ ਲੈਣੀ ਚਾਹੀਦੀ ਹੈ। ਸ਼ਾਇਦ ਤੁਹਾਡਾ ਮਾਲਕ-ਮਕਾਨ ਵੀ ਤੁਹਾਡੀ ਮਦਦ ਕਰ ਸਕਦਾ ਹੈ।

## ਮੁਰੰਮਤ ਦਾ ਅਧਿਕਾਰ ਕੀ ਹੈ?

30 ਸਿਤੰਬਰ 2002 ਤੋਂ, ਹਾਉਸਿੰਗ (ਸਕਾੱਟਲੈਂਡ) ਐਕਟ 2001 ਦੇ ਅਧੀਨ, ਸਕਾੱਟਿਸ਼ ਸਿਕਯੁਰ ਕਿਰਾਏਦਾਰਾਂ ਅਤੇ ਸ਼ਾੱਰਟ ਸਕਾੱਟਿਸ਼ ਸਿਕਯੁਰ ਕਿਰਾਏਦਾਰਾਂ ਨੂੰ ਇਕ ਨਿਸ਼ਚਿਤ ਸਮੇਂ ਦੇ ਅੰਦਰ ਆਪਣੇ ਮਾਲਕ-ਮਕਾਨਾਂ ਤੋਂ ਕੁਝ ਛੋਟੀਆਂ ਜ਼ਰੂਰੀ ਮੁਰੰਮਤਾਂ ਕਰਵਾਉਣ ਦਾ ਅਧਿਕਾਰ ਹੈ। ਇਸ ਨੂੰ ਰਾਈਟ ਟੂ ਰਿਪੇਅਰ ਸਕੀਮ (ਮੁਰੰਮਤ ਦਾ ਅਧਿਕਾਰ ਯੋਜਨਾ) ਕਿਹਾ ਜਾਂਦਾ ਹੈ।

ਰਾਈਟ ਟੂ ਰਿਪੇਅਰ ਸਕੀਮ, ਲੋਕਲ ਅੱਥਾਰਿਟੀਜ਼, ਹਾਉਸਿੰਗ ਐਸੋਸਿਏਸ਼ਨਾਂ (ਇਸ ਵਿਚ ਉਹ ਕਿਰਾਏਦਾਰ ਵੀ ਸ਼ਾਮਲ ਹਨ ਜੋ ਪੂਰੀ ਤਰਾਂ ਨਾਲ ਪਰਸਪਰ (ਮਉਚਅਲ) ਕੋ-ਆੱਪਰੇਟਿਵ ਹਾਉਸਿੰਗ ਐਸੋਸਿਏਸ਼ਨਾਂ ਦੇ ਸਦੱਸ ਹਨ) ਅਤੇ ਪਾਣੀ ਅਤੇ ਸਿਵਰੇਜ਼ ਅੱਥਾਰਿਟੀਜ਼ ਦੇ ਸਾਰੇ ਕਿਰਾਏਦਾਰਾਂ ਉੱਪਰ ਲਾਗੂ ਹੁੰਦੀ ਹੈ।

ਜੇ ਤੁਸੀਂ ਸਕਾੱਟਿਸ਼ ਹੋਮਸ ਦੇ ਕਿਰਾਏਦਾਰ ਹੋ ਤਾਂ ਤੁਹਾਡਾ ਵਰਤਮਾਨ ਮੁਰੰਮਤ ਦਾ ਅਧਿਕਾਰ ਜਾਰੀ ਰਹੇਗਾ।

## ਮੁਰੰਮਤ ਦਾ ਅਧਿਕਾਰ ਯੋਜਨਾ ਦੇ ਅਧੀਨ ਕਿਹੜੀਆਂ-ਕਿਹੜੀਆਂ ਮੁਰੰਮਤਾਂ ਆਉਂਦੀਆਂ ਹਨ?

ਇਸ ਯੋਜਨਾ ਵਿਚ £350 ਤਕ ਦੇ ਖ਼ਰਚ ਵਾਲੀਆਂ ਕੁਝ ਖ਼ਾਸ ਮੁਰੰਮਤਾਂ ਆਉਂਦੀਆ ਹਨ। ਇਹਨਾਂ ਨੂੰ 'ਯੋਗ' ਮੁਰੰਮਤਾਂ ਕਿਹਾ ਜਾਂਦਾ ਹੈ। ਇਹਨਾਂ ਵਿਚ ਸ਼ਾਮਲ ਹਨ:

- ਬਿਜਲੀ ਜਾਂ ਰੋਸ਼ਨੀ ਦੇ ਅਸੁਰੱਖਿਅਤ ਸਾੱਕੇਟ, ਇਲੈਕਟ੍ਰਿਕਲ ਫ਼ਿਟਿੰਗਸ;
- ਇਲੈਕਟ੍ਰਿਕਲ ਪਾੱਵਰ (ਬਿਜਲੀ) ਦਾ ਨੁਕਸਾਨ ਜਾਂ ਅੰਸ਼ਕ (ਥੋੜ੍ਹਾ) ਨੁਕਸਾਨ;
- ਗੈਸ ਸਪਲਾਈ ਦਾ ਨੁਕਸਾਨ ਜਾਂ ਅੰਸ਼ਕ ਨੁਕਸਾਨ;
- ਓਪਨ ਫਾਇਰ ਜਾਂ ਬੋਇਲਰ ਦੀ ਕਿਸੇ ਚਿਮਨੀ ਵਿਚ ਰੁਕਾਵਟ;
- ਬਾਹਰੀ ਖਿੜਕੀਆਂ, ਦਰਵਾਜ਼ੇ ਜਾਂ ਤਾਲੇ, ਜੋ ਸੁਰੱਖਿਅਤ ਨਹੀਂ ਹਨ;
- ਕਮਰਾ ਜਾਂ ਪਾਣੀ ਗਰਮ ਕਰਨ ਵਿਚ ਨੁਕਸਾਨ ਜਾਂ ਅੰਸ਼ਕ ਨੁਕਸਾਨ, ਜਦੋਂ ਹੀਟਿੰਗ ਦਾ ਕੋਈ ਦੂਸਰਾ ਸ੍ਰੋਤ ਨਹੀਂ ਹੈ;
- ਟਾਇਲਟ ਜੋ ਫ਼ਲਸ਼ ਨਹੀਂ ਹੁੰਦੀ (ਜੇ ਮਕਾਨ ਵਿਚ ਕੋਈ ਦੂਸਰੀ ਟਾਇਲਟ ਨਹੀਂ ਹੈ);
- ਬੰਦ ਜਾਂ ਲੀਕ ਕਰਦੀਆਂ ਗੰਦੇ ਪਾਣੀ ਦੀਆਂ ਨਾਲੀਆਂ, ਮਿੱਟੀ ਦੇ ਢੇਰ ਜਾਂ ਟਾਇਲਟ ਪੈਨ (ਜੇ ਮਕਾਨ ਵਿਚ ਕੋਈ ਦੂਸਰੀ ਟਾਇਲਟ ਨਹੀਂ ਹੈ);

- ਕੁਝ ਫੱਸ ਜਾਣ ਦੇ ਕਾਰਣ ਰੁਕਿਆ ਹੋਇਆ ਸਿੰਕ, ਬਾਥ ਜਾਂ ਬੇਸਿਨ;
- ਪਾਣੀ ਦੀ ਸਪਲਾਈ ਵਿਚ ਨੁਕਸਾਨ ਜਾਂ ਅੰਸ਼ਕ ਨੁਕਸਾਨ;
- ਪਾਣੀ ਵਾਲੇ ਜਾਂ ਹੀਟਿੰਗ ਵਾਲੇ ਪਾਈਪ, ਟੈਂਕ ਜਾਂ ਸਿਸਟਰਨ ਤੋਂ ਕਾਫ਼ੀ ਜ਼ਿਆਦਾ ਲੀਕ ਹੋਣਾ ਜਾਂ ਪਾਣੀ ਦਾ ਵਗਣਾ;
- ਅਸੁਰੱਖਿਅਤ ਸੜਿਆ ਹੋਇਆ ਲੱਕੜ ਦਾ ਫ਼ਰਸ਼ ਜਾਂ ਪੌੜੀ ਦੇ ਕਦਮ;
- ਰਸਤੇ ਤਕ ਜਾਂ ਪੌੜੀਆਂ ਤਕ ਜਾਣ ਦੀ ਅਸੁਰੱਖਿਅਤ ਪਹੁੰਚ;
- ਢਿੱਲਾ ਜਾਂ ਅਲੱਗ ਹੋ ਗਿਆ ਪੌੜੀਆਂ ਦਾ ਜੰਗਲਾ ਜਾਂ ਪਕੜਣ ਵਾਲੀ ਰੇਲਿੰਗ (ਹੈਂਡਰੇਲਸ); ਅਤੇ
- ਇਕ ਅਜਿਹੀ ਰਸੋਈ ਜਾਂ ਬਾਥਰੂਮ ਵਿਚ ਟੁੱਟਿਆ ਹੋਇਆ ਮਕੈਨਿਕਲ ਐਕਸਟ੍ਰੈਕਟਰ ਫੈਨ ਜਿਸ ਵਿਚ ਕੋਈ ਬਾਹਰੀ ਖਿੜਕੀ ਜਾਂ ਦਰਵਾਜ਼ਾ ਨਹੀਂ ਹੈ।

ਤੁਹਾਡਾ ਮਾਲਕ-ਮਕਾਨ ਤੁਹਾਨੂੰ ਦੱਸ ਸਕੇਗਾ ਕਿ ਜਿਸ ਮੁਰੰਮਤ ਦੀ ਤੁਹਾਨੂੰ ਲੋੜ ਹੈ ਕੀ ਉਹ ਇਸ ਯੋਜਨਾ ਵਿਚ ਸ਼ਾਮਲ ਹੈ। ਉਹ ਤੁਹਾਨੂੰ ਹੇਠਾਂ ਲਿਖੀ ਜਾਣਕਾਰੀ ਵੀ ਦਵੇਗਾ:

- ਉਹ ਵੱਧ ਤੋਂ ਵੱਧ ਸਮਾਂ ਜਿਸ ਵਿਚ ਮੁਰੰਮਤ ਜ਼ਰੂਰ ਪੂਰੀ ਹੋ ਜਾਣੀ ਚਾਹੀਦੀ ਹੈ; ਅਤੇ
- ਉਹ ਉਹਨਾਂ ਮੁਰੰਮਤਾਂ ਦੇ ਬਾਰੇ ਕੀ ਕਰਦੇ ਹਨ ਜੋ ਇਸ ਯੋਜਨਾ ਵਿਚ ਸ਼ਾਮਲ ਨਹੀਂ ਹਨ।

## ਜਦੋਂ ਮੈਂ ਕਿਸੇ ਮੁਰੰਮਤ ਦੀ ਰਿਪੋਰਟ ਕਰਦਾ/ਕਰਦੀ ਹਾਂ ਤਾਂ ਕੀ ਹੁੰਦਾ ਹੈ?

ਜਦੋਂ ਤੁਸੀਂ ਕਿਸੇ ਮੁਰੰਮਤ ਦੀ ਰਿਪੋਰਟ ਕਰਦੇ ਹੋ ਤਾਂ ਤੁਹਾਡਾ ਮਾਲਕ-ਮਕਾਨ ਤੁਹਾਨੂੰ ਦੱਸੇਗਾ ਕਿ ਕੀ ਇਹ ਉਸਦੀ ਜ਼ਿੰਮੇਵਾਰੀ ਹੈ ਅਤੇ ਕੀ ਇਹ ਰਾਈਟ ਟੂ ਰਿਪੇਅਰ ਸਕੀਮ ਦੇ ਅਧੀਨ ਇਕ ਯੋਗ ਮੁਰੰਮਤ ਹੈ। ਇਹ ਪਤਾ ਲਗਾਉਣ ਦੇ ਲਈ ਕਿ ਕੀ ਇਹ ਇਕ ਯੋਗ ਮੁਰੰਮਤ ਹੈ ਜਾਂ ਨਹੀਂ, ਹੋ ਸਕਦਾ ਹੈ ਕਿ ਤੁਹਾਡੇ ਮਾਲਕ-ਮਕਾਨ ਨੂੰ ਤੁਹਾਡੇ ਘਰ ਦੀ ਜਾਂਚ ਕਰਨੀ ਪਵੇ।

ਜੇ ਇਹ ਮੁਰੰਮਤ ਸਕੀਮ ਦੇ ਅਧੀਨ ਯੋਗ ਹੈ ਤਾਂ ਤੁਹਾਡਾ ਮਾਲਕ-ਮਕਾਨ:

- ਤੁਹਾਨੂੰ ਦੱਸੇਗਾ ਕਿ ਇਸ ਮੁਰੰਮਤ ਨੂੰ ਪੂਰਾ ਕਰਨ ਦੇ ਲਈ ਵੱਧ ਤੋਂ ਵੱਧ ਮਨਜ਼ੂਰਸ਼ੁਦਾ ਸਮਾਂ ਕੀ ਹੈ;
- ਤੁਹਾਨੂੰ ਉਸ ਮਿਆਦ ਦੀ ਆਖ਼ਰੀ ਤਾਰੀਖ਼ ਦੱਸੇਗਾ;
- ਰਾਈਟ ਟੂ ਰਿਪੇਅਰ ਸਕੀਮ ਦੇ ਅਧੀਨ ਤੁਹਾਡੇ ਅਧਿਕਾਰ ਸਮਝਾਏਗਾ;
- ਤੁਹਾਨੂੰ ਆਪਣੇ ਮੁੱਖ ਕੱਾਨਟ੍ਰੈਕਟਰ ਅਤੇ ਇਕ ਸੂਚੀ ਵਿਚੋਂ ਘੱਟ ਤੋਂ ਘੱਟ ਇਕ ਹੋਰ ਕੱਾਨਟ੍ਰੈਕਟਰ ਦਾ ਨਾਮ, ਪਤਾ ਅਤੇ ਫ਼ੋਨ ਨੰਬਰ ਦੱਸੇਗਾ; ਅਤੇ
- ਤੁਹਾਡੇ ਨਾਲ ਤੁਹਾਡੇ ਘਰ ਜਾਣ ਦਾ ਪ੍ਰਬੰਧ ਕਰੇਗਾ ਤਾਂਕਿ ਮੁਰੰਮਤ ਸ਼ੁਰੂ ਕੀਤੀ ਜਾ ਸਕੇ।

## ਮੁਰੰਮਤ ਕਰਨ ਦੇ ਲਈ ਮੇਰੇ ਮਾਲਕ-ਮਕਾਨ ਕੋਲ ਕਿੰਨਾ ਸਮਾਂ ਹੈ?

ਮੁਰੰਮਤ ਦਾ ਸਮਾਂ ਮੁਰੰਮਤ ਤੇ ਨਿਰਭਰ ਕਰਦਾ ਹੈ।
ਜੇ ਤੁਹਾਡਾ ਟਾਇਲਟ ਫ਼ਲਸ਼ ਨਹੀਂ ਹੋ ਰਿਹਾ ਹੈ ਤਾਂ ਆਮਤੌਰ ਤੇ ਤੁਹਾਡੇ ਘਰ ਆ ਕੇ ਇਸਦੀ ਮੁਰੰਮਤ ਕਰਨ ਦੇ ਲਈ ਤੁਹਾਡੇ ਮਾਲਕ-ਮਕਾਨ ਦੇ ਕੋਲ ਇਕ ਕੰਮਕਾਜੀ ਦਿਨ ਦਾ ਸਮਾਂ ਹੈ। ਪਰ ਪੌੜੀਆਂ ਦੇ ਢਿੱਲੇ ਜੰਗਲੇ ਨੂੰ ਠੀਕ ਕਰਨ ਦੇ ਲਈ ਉਹਨਾਂ ਕੋਲ ਤਿੰਨ ਕੰਮਕਾਜੀ ਦਿਨਾਂ ਦਾ, ਅਤੇ ਤੁਹਾਡੇ ਬਾਥਰੂਮ ਜਾਂ ਰਸੋਈ ਵਿਚ ਟੁੱਟੇ ਹੋਏ ਐਕਸਟ੍ਰੈਕਟਰ ਫੈਨ ਨੂੰ ਠੀਕ ਕਰਨ ਦੇ ਲਈ ਸੱਤ ਕੰਮਕਾਜੀ ਦਿਨਾਂ ਦਾ ਸਮਾਂ ਹੈ। ਇਹ ਸਮਾਂ ਕਾਨੂੰਨ ਦੇ ਦੁਆਰਾ ਪੱਕਾ ਕੀਤਾ ਜਾਂਦਾ ਹੈ, ਮਾਲਕ-ਮਕਾਨ ਦੇ ਦੁਆਰਾ ਨਹੀਂ।

ਕਦੀਂ ਕਦੀਂ ਅਜਿਹੇ ਹਾਲਾਤ ਵੀ ਹੋ ਸਕਦੇ ਹਨ ਜਿਹਨਾਂ ਉੱਪਰ ਤੁਹਾਡੇ ਮਾਲਕ-ਮਕਾਨ ਜਾਂ ਕਾੱਨਟ੍ਰੈਕਟਰ ਦਾ ਕੋਈ ਨਿਯੰਤ੍ਰਣ ਨਹੀਂ ਹੁੰਦਾ ਅਤੇ ਜਿਹਨਾਂ ਕਾਰਣ ਵੱਧ ਤੋਂ ਵੱਧ ਸਮੇਂ ਦੇ ਅੰਦਰ ਮੁਰੰਮਤ ਨੂੰ ਪੂਰਾ ਕਰਨਾ ਸੰਭਵ ਨਹੀਂ ਹੁੰਦਾ (ਜਿਵੇਂ ਕਿ ਖ਼ਰਾਬ ਮੌਸਮ)। ਇਹਨਾਂ ਹਾਲਾਤਾਂ ਦੇ ਵਿਚ ਤੁਹਾਡੇ ਮਾਲਕ-ਮਕਾਨ ਨੂੰ ਅਸਥਾਈ ਪ੍ਰਬੰਧ ਕਰਨ ਅਤੇ ਵੱਧ ਤੋਂ ਵੱਧ ਸਮੇਂ ਨੂੰ ਵਧਾਉਣ ਦੀ ਲੋੜ ਪੈ ਸਕਦੀ ਹੈ। ਜੇ ਉਹ ਇਸ ਤਰਾਂ ਕਰਨ ਵਾਲੇ ਹਨ ਤਾਂ ਉਹਨਾਂ ਨੂੰ ਇਸ ਬਾਰੇ ਤੁਹਾਨੂੰ ਜ਼ਰੂਰ ਦੱਸਣਾ ਚਾਹੀਦਾ ਹੈ।

## ਜੇ ਕੰਮ ਸਮੇਂ-ਸਿਰ ਨਹੀਂ ਕੀਤਾ ਜਾਂਦਾ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਮਾਲਕ-ਮਕਾਨ ਦਾ ਮੁੱਖ ਕਾੱਨਟ੍ਰੈਕਟਰ ਯੋਗ ਮੁਰੰਮਤ ਦਾ ਕੰਮ ਮਿੱਥੇ ਗਏ ਸਮੇਂ ਦੇ ਵਿਚ ਸ਼ੁਰੂ ਨਹੀਂ ਕਰਦਾ ਹੈ, ਤਾਂ ਤੁਸੀਂ ਮਾਲਕ-ਮਕਾਨ ਦੀ ਸੂਚੀ ਵਿਚੋਂ ਕਿਸੇ ਦੂਸਰੇ ਕਾੱਨਟ੍ਰੈਕਟਰ ਨੂੰ ਮੁਰੰਮਤ ਕਰਨ ਦੇ ਲਈ ਕਹਿ ਸਕਦੇ ਹੋ। ਤੁਸੀਂ ਇਕ ਅਜਿਹੇ ਕਾੱਨਟ੍ਰੈਕਟਰ ਨੂੰ ਇਸਤੇਮਾਲ ਨਹੀਂ ਕਰ ਸਕਦੇ ਜੋ ਤੁਹਾਡੇ ਮਾਲਕ-ਮਕਾਨ ਦੀ ਸੂਚੀ ਵਿਚ ਨਹੀਂ ਹੈ। ਉਸ ਤੋਂ ਬਾਅਦ ਦੂਸਰਾ ਕਾੱਨਟ੍ਰੈਕਟਰ ਤੁਹਾਡੇ ਮਾਲਕ-ਮਕਾਨ ਨੂੰ ਦੱਸੇਗਾ ਕਿ ਤੁਸੀਂ ਉਹਨਾਂ ਨੂੰ ਮੁਰੰਮਤ ਦੇ ਲਈ ਕਿਹਾ ਹੈ। ਫੇਰ ਤੁਹਾਡਾ ਮਾਲਕ-ਮਕਾਨ ਤੁਹਾਨੂੰ ਹੋਈ ਅਸੁਵਿਧਾ ਦੇ ਲਈ £15 ਦਾ ਮੁਆਵਜ਼ਾ ਦਵੇਗਾ। ਜੇ ਤੁਹਾਡੇ ਮਾਲਕ-ਮਕਾਨ ਦੇ ਮੁੱਖ ਕਾੱਨਟ੍ਰੈਕਟਰ ਨੇ ਕੰਮ ਸ਼ੁਰੂ ਕਰ ਦਿੱਤਾ ਹੈ ਪਰ ਮੁਰੰਮਤ ਨੂੰ ਵੱਧ ਤੋਂ ਵੱਧ ਸਮੇਂ ਦੇ ਅੰਦਰ ਪੂਰਾ ਨਹੀਂ ਕੀਤਾ ਹੈ, ਤਾਂ ਵੀ ਤੁਹਾਨੂੰ £15 ਦਾ ਮੁਆਵਜ਼ਾ ਲੈਣ ਦਾ ਹੱਕ ਹੋਵੇਗਾ।

## ਮੁਰੰਮਤ ਨੂੰ ਪੂਰਾ ਕਰਨ ਦੇ ਲਈ ਦੂਸਰੇ ਕਾੱਨਟ੍ਰੈਕਟਰ ਦੇ ਕੋਲ ਕਿੰਨਾ ਸਮਾਂ ਹੈ?

ਮੁਰੰਮਤ ਕਰਨ ਦੇ ਲਈ ਦੂਸਰੇ ਕਾੱਨਟ੍ਰੈਕਟਰ ਦੇ ਕੋਲ ਵੀ ਓਨਾ ਹੀ ਸਮਾਂ ਹੈ ਜਿੰਨਾ ਕਿ ਮਾਲਕ-ਮਕਾਨ ਦੇ ਮੁੱਖ ਕਾੱਨਟ੍ਰੈਕਟਰ ਦੇ ਕੋਲ। ਜੇ ਉਹ ਨਿਸ਼ਚਿਤ ਸਮੇਂ ਦੇ ਅੰਦਰ ਮੁਰੰਮਤ ਨੂੰ ਪੂਰਾ ਨਹੀਂ ਕਰਦਾ ਹੈ ਤਾਂ ਜਦੋਂ ਤਕ ਮੁਰੰਮਤ ਪੂਰੀ ਨਹੀਂ ਹੋ ਜਾਂਦੀ, ਤਦ ਤਕ ਤੁਹਾਨੂੰ ਹਰ ਕੰਮਕਾਜ਼ੀ ਦਿਨ ਦੇ ਲਈ £3 ਦਾ ਮੁਆਵਜ਼ਾ ਲੈਣ ਦਾ ਹੱਕ ਹੋਵੇਗਾ। ਕਿਸੇ ਇਕ ਮੁਰੰਮਤ ਦੇ ਲਈ, ਇਹ ਰਾਸ਼ੀ ਜਮਾਂ ਹੋ ਕੇ £100 ਦੇ ਵੱਧ ਤੋਂ ਵੱਧ ਮੁਆਵਜ਼ੇ ਦੇ ਭੁਗਤਾਨ ਤਕ ਪਹੁੰਚ ਸਕਦੀ ਹੈ।

## ਜੇ ਕੋਈ ਦੂਸਰਾ ਕਾੱਨਟ੍ਰੈਕਟਰ ਨਹੀਂ ਹੈ ਤਾਂ?

ਅਜਿਹੇ ਮਾਮਲਿਆਂ ਵਿਚ, ਤੁਹਾਡੇ ਮਾਲਕ-ਮਕਾਨ ਦਾ ਮੁੱਖ ਕਾੱਨਟ੍ਰੈਕਟਰ ਹੀ ਮੁਰੰਮਤ ਕਰੇਗਾ ਪਰ ਤੁਹਾਨੂੰ ਅਜੇ ਵੀ £15 ਦਾ ਮੁਆਵਜ਼ਾ ਲੈਣ ਦਾ ਹੱਕ ਹੋਵੇਗਾ।

## ਜਦੋਂ ਕਾੱਨਟ੍ਰੈਕਟਰ ਕੰਮ ਦੇਖਣ ਜਾਂ ਮੁਰੰਮਤ ਕਰਨ ਦੇ ਲਈ ਆਉਂਦੇ ਹਨ, ਜੇ ਉਸ ਸਮੇਂ ਮੈਂ ਘਰ ਵਿਚ ਨਹੀਂ ਮਿਲਦਾ/ਮਿਲਦੀ ਹਾਂ ਤਾਂ ਕੀ ਹੁੰਦਾ ਹੈ?

ਜਿਸ ਸਮੇਂ ਦੇ ਬਾਰੇ ਤੁਸੀਂ ਆਪਣੇ ਮਾਲਕ-ਮਕਾਨ ਦੇ ਨਾਲ ਸਹਿਮਤੀ ਕੀਤੀ ਹੈ, ਜੇ ਉਸ ਸਮੇਂ ਕਾੱਨਟ੍ਰੈਕਟਰ ਤੁਹਾਡੇ ਘਰ ਦੇ ਅੰਦਰ ਦਾਖਲ ਨਾ ਹੋ ਸਕੇ ਤਾਂ ਤੁਹਾਡਾ ਮੁਰੰਮਤ ਦਾ ਅਧਿਕਾਰ ਰੱਦ ਹੋ ਜਾਏਗਾ। ਇਸ ਤੋਂ ਬਾਅਦ ਤੁਹਾਨੂੰ ਦੁਬਾਰਾ ਅਪਲਾਈ ਕਰਨੀ ਪਵੇਗਾ ਅਤੇ ਪ੍ਰਕ੍ਰਿਆ ਨੂੰ ਦੁਬਾਰਾ ਸ਼ੁਰੂ ਕਰਨਾ ਪਵੇਗਾ।

## ਮੁਰੰਮਤ ਦੇ ਲਈ ਭੁਗਤਾਨ ਕੌਣ ਕਰਦਾ ਹੈ?

ਮੁਰੰਮਤ ਦੇ ਲਈ ਭੁਗਤਾਨ ਮਾਲਕ-ਮਕਾਨ ਕਰਦਾ ਹੈ। ਜੇ ਤੁਸੀਂ ਮੁਰੰਮਤ ਦੇ ਲਈ ਕਿਸੇ ਦੂਸਰੇ ਕਾੱਨਟ੍ਰੈਕਟਰ ਨੂੰ ਕਿਹਾ ਹੈ ਤਾਂ ਉਸ ਕਾੱਨਟ੍ਰੈਕਟਰ ਨੂੰ ਬਿਲ ਸਿੱਧਾ ਤੁਹਾਡੇ ਮਾਲਕ-ਮਕਾਨ ਕੋਲ ਭੇਜਣੇ ਚਾਹੀਦੇ ਹਨ।

## ਮੈਂ ਹੋਰ ਜਾਣਕਾਰੀ ਕਿਵੇਂ ਲੈ ਸਕਦਾ/ਸਕਦੀ ਹਾਂ?

ਆਪਣੇ ਮਾਲਕ-ਮਕਾਨ ਨੂੰ ਜਾਂ ਹੇਠਾਂ ਦਿੱਤੇ ਗਏ ਪਤੇ ਤੇ ਸਕਾੱਟਿਸ਼ ਐਕਜ਼ੀਕਿਊਟਿਵ ਡੇਵਲਪਮੇਂਟ ਡਿਪਾਟਰਮੈਂਟ ਨੂੰ ਸੰਪਰਕ ਕਰੋ:

Housing 2:3
Area 1-G
Victoria Quay
Edinburgh
EH6 6QQ

ਈ-ਮੇਲ: housing.information@scotland.gsi.gov.uk
ਫ਼ੋਨ: 0131 244 2105